ਰਜਿਸਟਰਡ

ਵੱਲੋਂ

ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ,
-ਕਮ-ਅਪੀਲੀ ਪ੍ਰਾਧਿਕਾਰੀ, ਜਲੰਧਰ।

ਵੱਲ

ਰਿਟਾਇਰਡ ਐਸ.ਆਈ/ਐਲ.ਆਰ ਹਰਮੇਸ਼ ਸਿੰਘ
ਨੰਬਰ 2921/ਪੀਏਪੀ ਪੁੱਤਰ ਸ਼੍ਰੀ ਦਰਸ਼ਨ ਸਿੰਘ
ਵਾਸੀ ਪਿੰਡ ਤੇ ਡਾਕਖਾਨਾ ਲਿੱਤਰਾਂ,ਤਹਿਸੀਲ
ਨਕੋਦਰ ਜਿਲ੍ਹਾਂ ਜਲੰਧਰ।(ਮੋ:-62832-91117)

ਨੰਬਰ 37363 /ਈ-6, ਮਿਤੀ 07-10-22

ਵਿਸ਼ਾ:- ਸੂਚਨਾਂ ਅਧਿਕਾਰ ਐਕਟ-2005 ਅਧੀਨ ਸੂਚਨਾ ਲੈਣ ਸਬੰਧੀ ਅਪੀਲ।

ਯਾਦ ਪੱਤਰ

ਹਵਾਲਾ ਆਪ ਦੀ ਅਪੀਲ ਮਿਤੀ 05-09-2022, ਵਿਸ਼ਾ ਉਕਤ ਦੇ ਸਬੰਧ ਵਿੱਚ।

2. ਆਪ ਵੱਲੋਂ ਉਕਤ ਅਪੀਲ ਦੇ ਸਬੰਧ ਵਿੱਚ ਮੰਗੇ ਗਏ ਦਸਤਾਵੇਜ਼ ਜੋ ਦੇਣਯੋਗ ਹਨ, ਹੇਠ ਲਿਖੇ ਅਨੁਸਾਰ ਇਸ ਪੱਤਰ ਨਾਲ ਨੱਥੀ ਕਰਕੇ ਭੇਜੇ ਜਾਂਦੇ ਹਨ:-

1. ਵਿਜੀਲੈਂਸ ਬਿਊਰੋ ਕਪੂਰਥਲਾ ਦੀ ਸਿੱਟਾ ਰਿਪੋਰਟ ਪੰਨਾਂ 01 ਤੋਂ 06 ਤੱਕ।
2. ਪੱਤਰ ਨੰਬਰ 11601/ਵਬ/ਏ.ਐਸ-7, ਮਿਤੀ 31-03-2021 ਸਮੇਤ ਦਰਖਾਸਤ ਪੰਨਾਂ 01 ਤੋਂ 02 ਤੱਕ।
3. ਦੋਨਾਂ ਧਿਰਾਂ ਦੇ ਬਿਆਨਾਂ ਦੀਆਂ ਕਾਪੀਆਂ ਸਮੇਤ ਸਬੰਧਤ ਕਾਗਜ਼ਾਤ ਪੰਨਾਂ 01 ਤੋਂ 41 ਤੱਕ।

ਨੱਥੀ:- ਉਕਤ ਅਨੁਸਾਰ।

ਇੰਸਪੈਕਟਰ ਜਨਰਲ ਪੁਲਿਸ,ਪੀ.ਏ.ਪੀ,
-ਕਮ-ਅਪੀਲੀ ਪ੍ਰਾਧਿਕਾਰੀ, ਜਲੰਧਰ।
7/10/22

ਦਫਤਰ ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ.-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ, ਜਲੰਧਰ।

ਨੰਬਰ 37680-81/ਈ-6 ਮਿਤੀ 10-10-2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸੁਪਰਡੈਂਟ ਲੇਖਾ (ਦਫਤਰ ਵਿੱਚ) ਸਮੇਤ 10/-ਰੁਪਏ ਦਾ ਭਾਰਤੀ ਪੋਸਟਲ ਆਰਡਰ ਨੰਬਰ 60 ਐਫ 050624 ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਭਾਰਤੀ ਪੋਸਟਲ ਆਰਡਰ ਨੂੰ ਸਬੰਧਤ ਹੈਡ ਵਿੱਚ ਜਮ੍ਹਾਂ ਕਰਵਾਉਣ ਉਪਰੰਤ ਰਸੀਦ ਦੀ ਫੋਟੋਕਾਪੀ ਤੁਰੰਤ ਇਸ ਦਫਤਰ ਨੂੰ ਰਿਕਾਰਡ ਹਿੱਤ ਭੇਜੀ ਜਾਵੇ।
2. ਇੰਚਾਰਜ ਵੈਬ-ਸਾਈਟ ਪੀ.ਏ.ਪੀ., ਨੂੰ ਸਮੇਤ ਅਪੀਲ ਦੀ ਕਾਪੀ।

(ਸੁਪਰਡੈਂਟ ਪ੍ਰਸ਼ਾਸਨ-ਕਮ-ਏ.ਪੀ.ਆਈ.ਓ)
ਵਾਸਤੇ ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ.,
-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ ਜਲੰਧਰ।
10/10/22

ਸੇਵਾ ਵਿੱਖੇ

ਇੰਸਪੈਕਟਰ ਜਨਰਲ ਆਫ ਪੁਲਿਸ-ਕਮ- ਲੋਕ ਸੂਚਨਾ ਅਧਿਕਾਰੀ,
ਪੀ.ਏ.ਪੀ.-1, ਜਲੰਧਰ।

ਵਿਸ਼ਾ: ਲੋਕ ਸੂਚਨਾ ਅਧਿਕਾਰ ਐਕਟ-2005 ਦੇ ਤਹਿਤ ਸੂਚਨਾ ਪ੍ਰਾਪਤ ਕਰਨ ਸਬੰਧੀ ਅਪੀਲ।

ਹਵਾਲਾ: ਆਪਜੀ ਦੇ ਦਫਤਰ ਵੱਲੋ ਭੇਜੇ ਗਏ ਪੱਤਰ ਨੰ. 30444/ਈ-6 ਮਿਤੀ 24.8.2022 ਦੇ ਸਬੰਧ ਵਿੱਚ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਮੈ, ਰਿਟਾਇਰਡ ਐਸ. ਆਈ./ਐਲ.ਆਰ. ਹਰਮੇਸ਼ ਸਿੰਘ ਨੰ. 2921/ਪੀ.ਏ.ਪੀ., ਪੁੱਤਰ ਸ਼੍ਰੀ ਦਰਸ਼ਨ ਸਿੰਘ ਵਾਸੀ ਪਿੰਡ ਤੇ ਡਾਕ. ਲਿੱਤਰਾਂ, ਤਹਿ. ਨਕੋਦਰ, ਜਿਲ੍ਹਾ ਜਲੰਧਰ ਦਾ ਵਸਨੀਕ ਹਾਂ। ਆਪ ਜੀ ਦੇ ਉਪਰੋਕਤ ਪੱਤਰ ਨੰ. 30444/ਈ-6 ਮਿਤੀ 24.8.2022 ਬਾਬਤ ਹੇਠ ਲਿਖੇ ਅਨੁਸਾਰ ਬੇਨਤੀ ਕਰਦਾ ਹਾਂ:-

1. ਉਪਰੋਕਤ ਪੱਤਰ ਵਿੱਚ ਆਪ ਜੀ ਵੱਲੋ ਕਿਹਾ ਗਿਆ ਹੈ ਕਿ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਮਿਤੀ 13.11.2019 ਦੇ ਅਨੁਸਰ ਕਿਸੇ ਕਰਮਚਾਰੀ ਦੇ ਨਿਜੀ ਦਸਤਾਜ਼ ਨਹੀ ਦੇ ਸਕਦੇ। ਇਸ ਬਾਬਤ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਇਸ ਕੇਸ (ਇੰਕੁਆਰੀ) ਵਿੱਚ ਮੈ ਵੀ ਇੱਕ ਧਿਰ (ਪਾਰਟੀ) ਹਾਂ ਜਿਸ ਵਿੱਚ ਮੇਰੇ ਬਿਆਨ ਤੇ ਦਸਤਾਵੇਜ਼ ਵੀ ਲੱਗੇ ਹੋਏ ਹਨ ਇਸ ਕਰਕੇ ਇਹ ਦਸਤਾਵੇਜ਼ ਕਿਸੇ ਕਰਮਚਾਰੀ ਦੇ ਨਿੱਜੀ ਦਸਤਾਵੇਜ਼ ਨਹੀ ਹਨ।ਇਸ ਲਈ ਆਪਜੀ ਨੂੰ ਦੁਬਾਰਾ ਬੇਨਤੀ ਕੀਤੀ ਜਾਂਦੀ ਹੈ ਮੈਨੂੰ ਹੇਠ ਲਿਖੇ ਦਸਤਾਵੇਜ਼ਾ ਦੀ ਤਸਦੀਕ ਸ਼ੁਦਾ ਕਾਪੀਆਂ ਮੁਹੱਇਆ ਕਰਵਾਈਆਂ ਜਾਣ:-

ਓ) ਇਸ ਦਰਖਾਸਤ ਵਿੱਚ ਦੋਨੋ ਧਿਰਾ ਵੱਲੋ ਲਗਾਏ ਗਏ ਸਾਰੇ ਦਸਤਾਵੇਜ਼ ਸਮੇਤ ਰਜਿਸਟ੍ਰੀ ਅਤੇ ਹੋਰ ਵੀ ਜੋ ਦਸਤਾਵੇਜ਼ (1) ਰਿਪੋਰਟ-06 ਵਰਕ, (2) ਪੱ.ਨੰ.11601/ਵਬ/ਏ.ਐਸ.-7, ਮਿਤੀ 31.3.2021 ਸਮੇਤ ਅਸਲ ਦਰਖਾਸਤ ਅਤੇ ਦਸਤਾਵੇਜ਼ 1-4 ਵਰਕ, (3) ਬਿਆਨਾਤ ਅਤ ਦਸਤਾਵੇਜ-01 ਤੋ 41 ਵਰਕ, (4) ਬੈਂਕ ਨਾਲ ਸਬੰਧਤ ਦਸਤਾਵੇਜ਼- 1 -13 ਵਰਕ, (5) ਆਰ.ਟੀ.ਏ. ਜਲੰਧਰ ਦਾ ਪੱਤਰ ਮਿਤੀ 3.8.21 -01 ਵਰਕ, (6) ਦਸਤਾਵੇਜ -02 ਵਰਕ।

ਸੋ ਕ੍ਰਿਪਾ ਕਰਕੇ ਮੈਨੂੰ ਉਪਰੋਕਤ ਦਸਤਾਵੇਜ਼ਾ ਦੀਆਂ ਤਸਦੀਕਸ਼ੁਦਾ ਕਾਪੀਆਂ ਮੁਹੱਇਆ ਕਰਵਾਈਆਂ ਜਾਣ ਜੀ।ਪੋਸਟਲ ਆਡਰ ਨੰ. 60ਐਫ 050624 ਰਕਮ 10/- ਰੁਪਏ ਨਾਲ ਨੱਥੀ ਹੈ। ਅਗਰ ਇਸਤੋ ਇਲਾਵਾ ਹੋਰ ਫੀਸ ਅਦਾ ਕਰਨੀ ਪੈਦੀ ਹੈ ਤਾਂ ਮੈ ਪੋਸਟਲ ਆਡਰ ਦੇ ਰੂਪ ਵਿੱਚ ਅਦਾ ਕਰਨ ਨੂੰ ਤਿਆਰ ਹਾਂ।

ਧੰਨਵਾਦ ਸਹਿਤ

ਆਪਜੀ ਦਾ ਸ਼ੁਭਚਿੰਤਕ

ਮਿਤੀ:05.09.2022

ਰਿਟਾਇਰਡ ਐਸ. ਆਈ./ਐਲ.ਆਰ. ਹਰਮੇਸ਼ ਸਿੰਘ
ਨੰ. 2921/ਪੀ.ਏ.ਪੀ., ਪੁੱਤਰ ਸ਼੍ਰੀ ਦਰਸ਼ਨ ਸਿੰਘ ਵਾਸੀ
ਪਿੰਡ ਤੇ ਡਾਕ. ਲਿੱਤਰਾਂ, ਤਹਿ. ਨਕੋਦਰ, ਜਿਲ੍ਹਾ ਜਲੰਧਰ।
ਮੋਬ. ਨੰ.62832-91117

Subdt Admn.
ਆਈ.ਜੀ./ਪੀ.ਏ.ਪੀ
7/9/2022